**ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ**

**SSS Board, Punjab**

**ਵਣ ਭਵਨ, ਸੈਕਟਰ-68, ਐਸ.ਏ.ਐਸ. ਨਗਰ (ਮੁਹਾਲੀ)**

## ਜਨਤਕ ਨੋਟਿਸ

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਇਸ਼ਤਿਹਾਰ ਨੰ. 2 ਆਫ 2021 ਰਾਹੀਂ ਮਿਤੀ 15.01.2021 ਨੂੰ ਜੂਨੀਅਰ ਡਰਾਫਟਸਮੈਨ (ਸਿਵਲ, ਮਕੈਨੀਕਲ ਅਤੇ ਆਰਕੀਟੈਕਚਰਲ) ਦੀਆਂ 547 ਅਸਾਮੀਆਂ ਦੀ ਸਿੱਧੀ ਭਰਤੀ ਲਈ ਯੋਗ ਉਮੀਦਵਾਰਾਂ ਪਾਸ ਆਨਲਾਈਨ ਅਰਜ਼ੀਆਂ ਦੀ ਮੰਗ ਕੀਤੀ ਗਈ ਸੀ। ਇਸ਼ਤਿਹਾਰ ਵਿੱਚ ਦਰਜ਼ ਵਿੱਦਿਅਕ /ਤਕਨੀਕੀ ਯੋਗਤਾ ਵਿੱਚ ਇਸ ਅਸਾਮੀ ਲਈ same line ਵਿੱਚ ਉਚੇਰੀ ਯੋਗਤਾ ਰੱਖਣ ਵਾਲੇ ਪਟੀਸ਼ਨਰਜ਼ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਵੱਖ-ਵੱਖ ਸਿਵਲ ਰਿਟ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਸਨ। ਇਹਨਾਂ ਕੇਸਾਂ ਵਿੱਚ ਪਟੀਸ਼ਨਰਜ਼ ਨੂੰ ਮਾਨਯੋਗ ਹਾਈਕੋਰਟ ਵੱਲੋਂ ਅੰਤਰਿਮ ਰਾਹਤ ਦੇਣ ਲਈ ਕੀਤੇ ਹੁਕਮਾਂ ਦੇ ਸਨਮੁੱਖ ਬੋਰਡ ਵੱਲੋਂ ਪਟੀਸ਼ਨਰਜ਼ ਦੀਆਂ ਅਰਜ਼ੀਆਂ ਦਸਤੀ ਪ੍ਰਾਪਤ ਕੀਤੀਆਂ ਗਈਆਂ ਸਨ। ਹੁਣ ਸਬੰਧਤ ਵਿਭਾਗਾਂ ਵੱਲੋਂ ਇਸ ਭਰਤੀ ਲਈ higher qualification in the same discipline ਵਾਲੇ ਉਮੀਦਵਾਰਾਂ ਨੂੰ eligible ਮੰਨਣ ਦੀ ਸਹਿਮਤੀ ਦਿੱਤੀ ਗਈ ਹੈ। ਇਸ ਆਧਾਰ ਤੇ ਬੋਰਡ ਵੱਲੋਂ ਮਿਤੀ 15.01.2021 ਨੂੰ ਜਾਰੀ ਕੀਤੇ ਗਏ ਉਕਤ ਇਸ਼ਤਿਹਾਰ ਨੂੰ ਵਾਪਸ ਲਿਆ ਜਾਂਦਾ ਹੈ ਅਤੇ ਇਸ ਇਸ਼ਤਿਹਾਰ ਵਿੱਚ ਹਰ ਪੱਖੋਂ ਸਫਲਤਾ ਪੂਰਵਕ ਆਨਲਾਈਨ ਅਪਲਾਈ ਕਰਨ ਵਾਲੇ ਉਮੀਦਵਾਰਾਂ ਦੇ application ਫਾਰਮ ਵੀ ਰੱਦ ਕੀਤੇ ਜਾਂਦੇ ਹਨ।

2. ਜੂਨੀਅਰ ਡਰਾਫਟਸਮੈਨ (ਸਿਵਲ, ਮਕੈਨੀਕਲ ਅਤੇ ਆਰਕੀਟੈਕਚਰਲ) ਦੀ ਭਰਤੀ ਸਬੰਧੀ ਸੋਧੀ ਵਿੱਦਿਅਕ/ਤਕਨੀਕੀ ਯੋਗਤਾ ਦੇ ਅਧਾਰ ਤੇ higher qualification in the same discipline ਵਾਲੇ ਉਮੀਦਵਾਰਾਂ ਨੂੰ ਵੀ ਆਨਲਾਈਨ ਅਪਲਾਈ ਕਰਨ ਦਾ ਮੌਕਾ ਦੇਣ ਲਈ ਨਵਾਂ ਇਸ਼ਤਿਹਰ ਜਲਦ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਜਿਨ੍ਹਾਂ ਉਮੀਦਵਾਰਾਂ ਵੱਲੋਂ ਇਸ਼ਤਿਹਾਰ 2 ਆਫ 2021 ਵਿੱਚ ਪਹਿਲਾਂ ਹਰ ਪੱਖੋਂ ਸਫਲਤਾ ਪੂਰਵਕ ਆਨਲਾਈਨ ਅਪਲਾਈ ਕੀਤਾ ਹੋਇਆ ਹੈ, ਉਨ੍ਹਾਂ ਉਮੀਦਵਾਰਾਂ ਨੂੰ **ਅਨੁਲਗ-1** ਵਿੱਚ ਦਰਜ ਹਦਾਇਤਾਂ ਅਨੁਸਾਰ ਆਪਣਾ application form ਮੁੜ ਪ੍ਰਕਾਸ਼ਿਤ ਹੋਣ ਵਾਲੇ ਇਸ਼ਤਿਹਾਰ ਵਿੱਚ submit ਕਰਨਾ ਜ਼ਰੂਰੀ ਹੈ. ਇਹਨ੍ਹਾਂ ਉਮੀਦਵਾਰਾਂ ਨੂੰ ਮੁੜ online ਫੀਸ ਭਰਨ ਦੀ ਲੋੜ ਨਹੀਂ ਹੈ। Application form ਨਵੇਂ ਸਿਰੇ ਤੋਂ submit ਨਾ ਕਰਨ ਵਾਲੇ ਉਮੀਦਵਾਰਾਂ ਦੀ ਪਾਤਰਤਾ ਨੂੰ ਇਸ ਭਰਤੀ ਲਈ ਨਹੀਂ ਵਿਚਾਰਿਆ ਜਾਵੇਗਾ।

3. ਇਸ ਤੋਂ ਇਲਾਵਾ ਜਿਨ੍ਹਾਂ ਪਟੀਸ਼ਨਰਜ਼ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਵੱਖ-ਵੱਖ ਸਿਵਲ ਰਿਟ ਪਟੀਸ਼ਨਾਂ ਰਾਹੀਂ ਇਸ਼ਤਿਹਾਰ ਨੰ. 2 ਆਫ 2021 ਵਿੱਚ ਜੂਨੀਅਰ ਡਰਾਫਟਸਮੈਨ ਸਿਵਲ, ਮਕੈਨੀਕਲ ਅਤੇ ਆਰਕੀਟੈਚਰਲ ਲਈ ਨਿਰਧਾਰਤ ਯੋਗਤਾਵਾਂ ਨੂੰ ਚੈਲੇਂਜ਼ ਕੀਤਾ ਗਿਆ ਹੈ (ਸਿਵਲ ਰਿਟ ਪਟੀਸ਼ਨਾਂ ਦੀ **ਸੂਚੀ ਅਨੁਲਗ-1** ਤੇ ਹੈ)। ਜਿਨ੍ਹਾਂ ਸਿਵਲ ਰਿਟ ਪਟੀਸ਼ਨਾਂ ਵਿੱਚ ਮਾਨਯੋਗ ਹਾਈਕੋਰਟ ਵੱਲੋਂ ਕੀਤੇ ਹੁਕਮਾਂ ਦੀ ਪਾਲਣਾ ਦੇ ਸਨਮੁੱਖ ਬੋਰਡ ਵੱਲੋਂ ਇਨ੍ਹਾਂ ਪਟੀਸ਼ਨਰਜ਼ ਦੀਆਂ ਅਰਜ਼ੀਆਂ (ਐਪਲੀਕੇਸ਼ਨ ਫਾਰਮ) ਦੀ

ਹਾਰਡ ਕਾਪੀ ਸਮੇਤ ਬੈਂਕ ਡਰਾਫਟ ਲਏ ਗਏ ਸਨ, ਉਨ੍ਹਾਂ ਪਟੀਸ਼ਨਰਜ਼/ਉਮੀਦਵਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਆਪਣੀ ਵਿਦਿਅਕ ਯੋਗਤਾ )higher qualification in the same discipline) ਅਨੁਸਾਰ ਪ੍ਰਕਾਸ਼ਿਤ ਹੋਣ ਵਾਲੇ ਇਸ਼ਤਿਹਾਰ ਵਿੱਚ Online apply ਕਰਨ ਕਿਉਂਕਿ ਲਿਖਤੀ ਪ੍ਰੀਖਿਆ ਦੀ ਪਾਤਰਤਾ ਲਈ ਹਰ ਪੱਖੋਂ ਮੁਕੰਮਲ ਆਨਲਾਈਨ ਐਪਲੀਕੇਸ਼ਨ ਫਾਰਮ ਸਮੇਤ ਭਰਤੀ ਫੀਸ Online submit ਕਰਨਾ ਜ਼ਰੂਰੀ ਹੈ। ਪਟੀਸ਼ਨਰਜ਼ ਵੱਲੋਂ ਬੋਰਡ ਵਿਖੇ ਦਸਤੀ ਬਿਨੈ-ਪੱਤਰ ਨਾਲ ਜਮ੍ਹਾਂ ਕੀਤੇ ਭਰਤੀ ਫੀਸ ਦੇ ਬੈਂਕ ਡਰਾਫਟਾਂ ਨੂੰ ਪ੍ਰਕਾਸ਼ਿਤ ਹੋਣ ਵਾਲੇ ਇਸ਼ਤਿਹਾਰ ਲਈ ਫੀਸ ਵਜੋਂ ਜਮ੍ਹਾਂ ਨਹੀਂ ਮੰਨਿਆ ਜਾਵੇਗਾ। ਬੋਰਡ ਵੱਲੋਂ ਇਨ੍ਹਾਂ ਬੈਂਕ ਡਰਾਫਟਾਂ ਨੂੰ encash ਨਹੀਂ ਕੀਤਾ ਗਿਆ ਹੈ।

ਸਕੱਤਰ

ਮਿਤੀ, ਮੁਹਾਲੀ : 02.07.2021

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ

ਅਨੁਲਗ-1

## ਪਹਿਲਾਂ ਤੋਂ ਰਜਿਸਟਰਡ ਉਮੀਦਵਾਰਾਂ ਲਈ ਆਨਲਾਈਨ ਅਪਲਾਈ ਕਰਨ ਸਬੰਧੀ ਗਾਈਡ-ਲਾਈਨਜ਼

ਜਿਨ੍ਹਾਂ ਉਮੀਦਵਾਰਾਂ ਨੇ ਪਹਿਲਾਂ ਹੀ ਇਸ਼ਤਿਹਾਰ ਨੰ. 2 ਆਫ 2021 ਰਾਹੀਂ ਜੂਨੀਅਰ ਡਰਾਫਟਸਮੈਨ (ਸਿਵਲ, ਮਕੈਨੀਕਲ ਅਤੇ ਆਰਕੀਟੈਚਰਲ) ਵਿੱਚ ਆਨਲਾਈਨ ਬਿਨੈ-ਪੱਤਰ ਫਾਰਮ ਜਮ੍ਹਾ ਕੀਤਾ ਹੋਇਆ ਹੈ ਅਤੇ ਸਫਲਤਾਪੂਰਵਕ ਆਨਲਾਈਨ ਫੀਸ ਦਾ ਭੁਗਤਾਨ ਵੀ ਕੀਤਾ ਹੈ, ਨੂੰ ਹੇਠ ਦਰਸਾਈਆਂ ਹਦਾਇਤਾਂ ਅਨੁਸਾਰ ਮੁੜ ਆਪਣਾ ਆਨਲਾਈਨ ਐਪਲੀਕੇਸ਼ਨ ਫਾਰਮ submit ਕਰਨਗੇ :-

1. ਉਮੀਦਵਾਰ ਨੂੰ ਪਹਿਲਾਂ ਦਿੱਤੇ ਯੂਜ਼ਰ ਆਈ ਡੀ ਅਤੇ ਪਾਸਵਰਡ ਨਾਲ login ਕਰਨਗੇ (ਦੁਬਾਰਾ ਰਜਿਸਟਰ ਕਰਨ ਦੀ ਕੋਈ ਲੋੜ ਨਹੀਂ ਹੈ)।
2. ਉਮੀਦਵਾਰਾਂ ਵੱਲੋਂ ਪਹਿਲਾਂ ਦਾਖਲ ਕੀਤੇ ਗਏ ਵੇਰਵਿਆਂ ਦੇ ਨਾਲ ਅਪਡੇਟ ਕੀਤੀ ਜਾਣ ਵਾਲੀ ਜਾਣਕਾਰੀ display ਹੋਵੇਗੀ।
3. **ਮੁਢਲੀ ਜਾਣਕਾਰੀ** : - ਉਮੀਦਵਾਰ ਆਪਣੇ ਆਨਲਾਈਨ ਫਾਰਮ ਵਿੱਚ ਨਾਮ, ਜਨਮ ਮਿਤੀ, ਫੋਨ ਨੰਬਰ, ਈਮੇਲ ਆਈ.ਡੀ. ਅਤੇ ਕੈਟਗਾਰੀ ਤੋਂ ਇਲਾਵਾ ਪਹਿਲਾਂ ਦਿੱਤੀ ਜਾਣਕਾਰੀ ਅਪਡੇਟ ਕਰ ਸਕਦੇ ਹਨ।
4. **ਕੈਟਾਗਰੀ** : ਕੇਵਲ ਹੇਠ ਲਿਖਿਆ ਕੈਟਗਾਰੀਆਂ ਦੇ ਉਮੀਦਵਾਰ ਵੱਲੋਂ ਆਪਣੀ ਕੈਟਾਗਰੀ ਨੂੰ ਅਪਡੇਟ ਕਰਨਾ ਜ਼ਰੂਰੀ ਹੈ :-

| ਪਹਿਲਾਂ ਚੁਣੀ ਕੈਟਾਗਰੀ | ਅਪਡੇਟ ਕੀਤੀ ਜਾਣ ਵਾਲੀ ਕੈਟਾਗਰੀ | ਕੈਟਾਗਰੀ ਕੋਡ |
|---|---|---|
| Ex-Serviceman S.C (Self) | Ex-Serviceman S.C. (Mazbhi & Balmiki) | 107 |
| | Ex-Serviceman S.C. (Ramdasia & Othrs) | 119 |
| Ex-Serviceman S.C (Dependent) | Ex-Serviceman S.C. (Mazbhi & Balmiki) (Dependent) | 108 |
| | Ex-Serviceman S.C. (Ramdasia & Othrs) (Dependent) | 120 |
| Sports S.C | Sports S.C. (Mazbhi & Balmiki) | 112 |
| | Sports S.C. (Ramdasia & Othrs) | 121 |

5. **ਤਰਜੀਹ:-** ਸਿਵਲ ਅਤੇ ਆਰਕੀਟੈਕਚਰ ਵਾਲੇ ਉਮੀਦਵਾਰ ਜੂਨੀਅਰ ਡਰਾਫਟਸਮੈਨ (ਸਿਵਲ/ ਆਰਕੀਟੈਕਚਰ) ਦੀ ਅਸਾਮੀ ਲਈ ਪਹਿਲਾਂ ਦਿੱਤੀ ਵਿਭਾਗਾਂ ਦੀ ਚੋਣ ਮੁੜ ਬਦਲ ਸਕਦੇ ਹਨ।
6. **ਵਿੱਦਿਅਕ/ਤਕਨੀਕੀ ਯੋਗਤਾ**: ਉਮੀਦਵਾਰ ਆਪਣੀ ਵਿੱਦਿਅਕ/ਤਕਨੀਕੀ ਯੋਗਤਾ ਨੂੰ ਅਪਡੇਟ ਕਰ ਸਕਦੇ ਹਨ।
7. ਉਮੀਦਵਾਰ ਵੱਲੋਂ ਸਮੁੱਚੀ ਜਾਣਕਾਰੀ ਨੂੰ ਚੈੱਕ ਕਰਨ ਉਪਰੰਤ ਆਨਲਾਈਨ ਐਪਲੀਕੇਸ਼ਨ ਫਾਰਮ submit ਕਰਨ ਜ਼ਰੂਰੀ ਹੋਵੇਗਾ।
8. ਇਨ੍ਹਾਂ ਉਮੀਦਵਾਰਾਂ ਵੱਲੋਂ ਪਹਿਲਾਂ ਹੀ ਆਨਲਾਈਨ ਐਪਲੀਕੇਸ਼ਨ ਫਾਰਮ ਦੀ ਬਣਦੀ ਫੀਸ ਦਾ ਭੁਗਤਾਨ ਕੀਤਾ ਗਿਆ ਹੈ, ਉਹ ਸਿੱਧੇ ਤੌਰ ਤੇ ਆਨਲਾਈਨ ਐਪਲੀਕੇਸ਼ਨ ਫਾਰਮ ਦੀ ਕਾਪੀ ਡਾਊਨਲੋਡ ਕਰ ਸਕਦੇ ਹਨ।

ਅਨੁਲਗ-2

**ਇਸ਼ਤਿਹਾਰ ਨੰ. 2 ਆਫ 2021 ਰਾਹੀਂ ਜੂਨੀਅਰ ਡਰਾਫਟਸਮੈਨ (ਸਿਵਲ, ਮਕੈਨੀਕਲ ਅਤੇ ਆਰਕੀਟੈਕਚਰਲ) ਦੀ ਭਰਤੀ ਸਬੰਧੀ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਪੈਂਡਿੰਗ ਸਿਵਲ ਰਿਟ ਪਟੀਸ਼ਨਾਂ ਦੀ ਸੂਚੀ :-**

| Ser No | Case No |
|---|---|
| 1. | CWP 2027 of 2021 Nipun Syal and others Vs State of Punjab and others |
| 2. | CWP 3026 of 2021 Sourav Jain and others Vs State of Punjab and others |
| 3. | CWP 3993 of 2021 Vikas Kapoor and others Vs State of Punjab and others |
| 4. | CWP4080 of 2021 Amanpreet Singh Vs State of Punjab and others |
| 5. | CWP 4283 of 2021 Amandeep Singh and others Vs State of Punjab and others |
| 6. | CWP 4344 of 2021 Parteek Singla & Anr. Vs. Secretary, SSSB & Ors. |
| 7. | CWP 4312 of 2021 Varinder Singh and ors Vs State of Punjab and ors |
| 8. | CWP 4537 of 2021 Archit Singh Oberoi and ors Vs State of Punjab and ors |
| 9. | CWP 4462 of 2021 Balkar Singh and ors Vs State of Punjab and ors |
| 10. | CWP 3053 of 2021 Baljinder Singh and others Vs State of Punjab and others |
| 11. | CWP 1947 of 2021 Joydeep Singh Vs Union of India and others |
| 12. | CWP 2732 of 2021 Jatinder Singh and others Vs State of Punjab and others |
| 13. | CWP 3236 of 2021 Ismipal Singh and others Vs State of Punjab and others |
| 14. | CWP 2710 of 2021 Minik Birdi and others Vs State of Punjab and others |
| 15. | CWP 9517 of 2021 Yuvraj Rai and others Vs State of Punjab and others |